**SET-4**

**Series BVM/C** **Code No. 4**

Roll No. | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਦੇ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **15** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।

- Please check that this question paper contains **7** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **15** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* *ਪੂਰਨ ਅੰਕ : 100*

*Time allowed : 3 hours* *Maximum Marks : 100*

**ਨੋਟ:** *ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।*

**1.** ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *10*

ਕਵਿਤਾ ਦੀ ਇਹ ਰੂਪ, ਗ਼ਜ਼ਲ ਇੰਨਾ ਮਕਬੂਲ ਹੋਇਆ ਕਿ ਇਸ ਵਿਚ ਹਰ ਤਰ੍ਹਾਂ ਦੇ ਵਿਸ਼ੇ ਤੇ ਲਿਖਿਆ ਜਾਣ ਲਗ ਪਿਆ । ਇਸ਼ਕ ਤੋਂ ਬਾਅਦ ਅਤੇ ਦੁਨਿਆਵੀ ਕਾਮਯਾਬੀ, ਨਾਕਾਮੀ ਅਤੇ ਹੋਰਨਾਂ ਵਿਸ਼ਿਆਂ ਨੂੰ ਗ਼ਜ਼ਲ ਨੇ ਆਪਣੇ ਵਿੱਚ ਸਮੋਲਿਆ । ਇਸ ਤਰ੍ਹਾਂ ਗ਼ਜ਼ਲ ਕਵਿਤਾ ਦਾ ਇੱਕ ਅੰਗ ਹੁੰਦੀ ਹੋਈ ਵੀ ਇੱਕ ਵੱਖਰੀ ਵਿਧਾ ਬਣ ਗਈ । ਕਹਿੰਦੇ ਨੇ ਕਵਿਤਾ ਲਿਖੱਣੀ ਆਸਾਨ ਹੈ, ਪਰ ਗ਼ਜ਼ਲ ਕਹਿਣੀ ਤਲਵਾਰ ਦੀ ਧਾਰ ਉੱਪਰ ਤੁਰਨ ਬਰਾਬਰ ਹੈ । ਕਿਉਂਕਿ ਗ਼ਜ਼ਲ ਦਾ ਇੱਕ ਵਿਧਾਨ ਹੈ । ਉਸਦੇ ਨਿਯਮ ਹਨ ਜਿਸ ਬਾਰੇ ਪਿੰਗਲ ਅਤੇ ਆਰੂਜ਼ ਦਾ ਗਿਆਨ ਹੋਣਾ ਜ਼ਰੂਰੀ ਹੈ । ਪਰ, ਇਹ ਵੀ ਜ਼ਰੂਰੀ ਨਹੀ ਕਿ ਪਿੰਗਲ ਅਤੇ ਆਰੂਜ਼ ਦੀ ਸਮਝ ਹੋਵੇ ਤਾਂ ਹੀ ਗ਼ਜ਼ਲ ਕਹੀ ਜਾ ਸਕਦੀ ਹੈ । ਗ਼ਜ਼ਲ ਕਹਿਣ ਵਾਲੇ ਸ਼ਾਇਰ ਕੋਲ ਕੁਝ ਕੁਦਰਤੀ ਗੁਣ ਹੁੰਦੇ ਹਨ ।

(ੳ) ਗ਼ਜ਼ਲ ਲਈ ਕਿਸਦਾ ਗਿਆਨ ਜ਼ਰੂਰੀ ਹੈ ?

(ਅ) ਗ਼ਜ਼ਲ ਦੇ ਕਿਹੜੇ ਵਿਸ਼ੇ ਹੁੰਦੇ ਹਨ ?

(ੲ) 'ਤਲਵਾਰ ਦੀ ਧਾਰ ਉੱਪਰ ਤੁਰਨ' ਦੇ ਕੀ ਅਰਥ ਹਨ ?

(ਸ) ਕੀ ਸਿਰਫ 'ਪਿੰਗਲ' ਅਤੇ 'ਆਰੂਜ਼' ਦੇ ਗਿਆਨ ਨਾਲ ਹੀ ਗ਼ਜ਼ਲ ਲਿਖੀ ਜਾ ਸਕਦੀ ਹੈ ?

(ਹ) 'ਕੁਦਰਤੀ ਗੁਣ' ਤੋਂ ਤੁਸੀਂ ਕੀ ਸਮਝਦੇ ਹੋ ?

**2.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇੱਕ*** ਉਤੇ 200 – 300 ਸ਼ਬਦਾਂ ਦਾ ਲੇਖ ਲਿਖੋ : *10*

(ੳ) ਔਰਤ ਦੀ ਆਜ਼ਾਦੀ

(ਅ) ਸਵੱਛਤਾ ਦੀ ਜੀਵਨ ਵਿੱਚ ਮਹਤੱਤਾ

(ੲ) ਅਜੋਕਾ ਭਾਰਤ ਕਿੱਧਰ ਨੂੰ ?

(ਸ) ਗੁਰੂ ਨਾਨਕ ਦੇਵ ਜੀ

**3.** ਤੁਸੀਂ ਕੋਈ ਦੁਕਾਨ ਖਰੀਦਣੀ ਚਾਹੁੰਦੇ ਹੋ — ਉਸ ਬਾਰੇ ਅਖਬਾਰ ਲਈ ਇਕ ਇਸ਼ਤਿਹਾਰ ਤਿਆਰ ਕਰੋ । *7*

**ਜਾਂ**

ਤੁਸੀ ਪੁਰਾਣੇ ਦੋਸਤਾਂ ਨੂੰ ਇਕਠਿਆਂ ਕਰਕੇ ਇੱਕ ਮਿਲਣੀ ਦਾ ਪ੍ਰੋਗਰਾਮ ਰਖਿਆ ਹੈ — ਇਸ ਲਈ ਇੱਕ ਨੋਟਿਸ ਤਿਆਰ ਕਰੋ ।

**4.** ਸੋਸ਼ਲ ਮੀਡੀਆ ਦੇ ਫਾਇਦੇ ਅਤੇ ਨੁਕਸਾਨ ਦਸਦਿਆਂ ਅਖਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ । *8*

**ਜਾਂ**

ਵਰਤਮਾਨ ਇਮਤਿਹਾਨੀ ਢਾਂਚੇ ਬਾਰੇ ਵਿਚਾਰ ਦਸਦਿਆਂ ਇੱਕ ਚਿੱਠੀ ਅਖਬਾਰ ਦੇ ਸੰਪਾਦਕ ਨੂੰ ਲਿਖੋ ।

**5.** ਹੇਠ ਲਿਖੇ ਮੁਹਾਵਰਿਆਂ ਵਿੱਚੋਂ ***ਤਿੰਨ*** ਮੁਹਾਵਰਿਆਂ ਦੇ ਅਰਥ ਸੱਪਸ਼ਟ ਕਰੋ ਅਤੇ ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ : *3*

(ੳ) ਡੀਂਗ ਮਾਰਨੀ

(ਅ) ਢਾਰਸ ਬੰਨ੍ਹਣੀਂ

(ੲ) ਡੁੱਬ ਮਰਨਾ

(ਸ) ਬੇੜਾ ਗ਼ਰਕ ਹੋਣਾ

(ਹ) ਰਾਹ ਤੱਕਣਾ

**6.** (i) ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ-ਜੋੜ ਦੀ ਚੋਣ ਕਰੋ : *2*

(1) (ੳ) ਘੁਮੇਆਰ

(ਅ) ਘੁਮਿਆਰ

(2) (ੳ) ਵਾਪਸ

(ਅ) ਬਾਪਸ

(ii) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : *2*

(ੳ) ਜਗਡਾਲੂ

(ਅ) ਬਿਹੜਾ

(iii) ਸ਼ਬਦ-ਜੋੜਾਂ ਦੇ ਨੇਮਾਂ ਮੁਤਾਬਿਕ ਦੱਸੋ ਕਿ ਹੇਠਲੇ ਲਕੀਰੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਵਰਤਿਆ ਜਾਵੇ ? *2*

(ੳ) ਮੁੰਡਾ ਤਾਂ ਹੌਣਹਾਰ/ਹੋਣਹਾਰ ਸੀ, ਪਰ ਰਹਿ ਗਿਆ ।

(ਅ) ਸਾਡੇ ਗਵਾਂਡੀ/ਗਵਾਢੀ ਕੋਲ ਬਹੁਤ ਧਨ ਹੈ ।

**7.** ਹੇਠ ਲਿਖੇ ਪੈਰੇ ਨੂੰ ਸਹੀ ਬਿਸਰਾਮ-ਚਿੰਨ੍ਹ ਲਗਾਓ : *3*

ਜ਼ਿੰਦਗੀ ਕੀ ਹੈ ਇੱਕ ਨਿਰੰਤਰ ਸਫਰ ਇਸ ਵਿਚ ਦੁੱਖ ਤਕਲੀਫਾਂ ਖੁਸ਼ੀਆਂ ਅਤੇ ਗੰਮੀਆਂ ਹਨ

**8.** ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ : *3*

(ੳ) ਪਿਆਰ ਹੈ ਪਛਾਣ ਕਬਜ਼ਾ ਨਹੀ

(ਅ) ਨੇਕਨਾਮੀ ਹੀ ਲਈ ਹੈ ਜਿਥੇ ਵੀ ਰਿਹਾ ਹਾਂ ਮੈ

(ੲ) ਸਫਾਈ ਦਾ ਤਸੱਲੀਬਖਸ਼ ਇੰਤਜ਼ਾਮ ਰਖੋ ਆਪਨੇ ਘਰ ਦੇ ਆਲੇ ਦੁਆਲੇ

**9.** ਹੇਠ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ***ਇੱਕ*** ਦੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *8*

ਖਾੜ ਖਾੜ ਚਲਣ ਵਿੱਚ ਮੇਰੇ ਸੁਫਨਿਆਂ,
ਪੰਜਾਬ ਦੇ ਦਰਿਆ,
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ, ਠੰਡੇ'ਤੇ ਠਾਰਦੇ, ਪਿਆਰਦੇ ।

(ੳ) ਪੰਜਾਬ ਦੇ ਦਰਿਆ ਕਿਹੜੇ ਹਨ ?

(ਅ) ਕਵੀ ਨੂੰ ਇਹ ਦਰਿਆ 'ਜਪੁ ਸਾਹਿਬ' ਗਾਉਂਦੇ ਕਿਉਂ ਲਗਦੇ ਹਨ ?

(ੲ) 'ਪਿਆਰ ਅੱਗ' ਤੋਂ ਕੀ ਭਾਵ ਹੈ ?

(ਸ) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿਚੋ ਹਨ ?

**ਜਾਂ**

ਅਰਸ਼ੀ ਕਿਰਨ ਇੱਕ ਆਵਸੀ
ਲੈਸੀ ਏਸ ਲੁਕਾਇ,
ਝੋਕਾ ਮਤ ਕੁਈ ਪੌਣ ਦਾ
ਦੇਵੇ ਧਰਤ ਗਿਰਾਇ ।

(ੳ) 'ਲੈਸੀ ਏਸ ਲੁਕਾਇ' ਵਿੱਚ 'ਏਸ' ਕੀ ਹੈ ?

(ਅ) 'ਅਰਸ਼ੀ ਕਿਰਨ' ਤੋਂ ਕੀ ਭਾਵ ਹੈ ?

(ੲ) 'ਏਸ' ਦੇ ਧਰਤ ਉਪਰ ਗਿਰਨ ਨਾਲ ਕੀ ਹੋਵੇਗਾ ?

(ਸ) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿਚੋਂ ਹਨ ?

**10.** ਹੇਠ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : *8*

ਕੌਣ ਸੁਣੇਗਾ ਛੁਸਕਦੀ ਬੰਸੀ
ਕੌਣ ਲਿਜਾਏ ਹੌਕਿਓਂ ਪਾਰ
ਦਰਿਆਵਾਂ ਨੂੰ ਲਾਂਬੂ ਲੱਗ ਗਏ
ਕੌਣ ਸੁਣੇ ਆਹਾਂ ਦੀ ਸਾਰ

**ਜਾਂ**

ਧਰਤੀ ਤਾਂ ਬੋਝ ਹੈ
ਦੁੱਖ ਹੈ ਕੋਝ ਹੈ
ਸਹਿੰਦੀ ਹੈ ਧੀ
ਪਰ ਕਰਦੀ ਨਾ ਸੀ ਹੈ

**11.** ਹੇਠ ਲਿਖੇ ਵਾਰਤਾਲਾਪ-ਅੰਸ਼ਾਂ ਨੂੰ ਪੜ੍ਹੋ ਅਤੇ ਕਿਸੇ ***ਇੱਕ*** ਦੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *5*

"ਝੂਠ ਨਾ ਬੋਲ ।" ਗੋਪੀ ਨੇ ਕਿਹਾ, "ਮੈਂ ਤੈਨੂੰ ਵਾਜ ਮਾਰੀ ਸੀ । ਤੂੰ ਮੇਰੇ ਵੱਲੇ ਵੇਖਿਆ ਵੀ ਸੀ ।"

(ੳ) ਇਹ ਵਾਰਤਾਲਾਪ ਕਿਨ੍ਹਾਂ ਪਾਤਰਾਂ ਵਿਚਾਲੇ ਹੈ ?

(ਅ) ਕੌਣ ਝੂਠ ਬੋਲ ਰਿਹਾ ਹੈ ?

(ੲ) ਉਹ ਝੂਠ ਕਿਉਂ ਬੋਲ ਰਿਹਾ ਸੀ ?

(ਸ) ਗੋਪੀ ਨੇ ਵਾਜ ਕਿਉਂ ਮਾਰੀ ਸੀ ?

(ਹ) ਇਹ ਸਤਰਾਂ ਕਿਸ ਪੁਸਤਕ ਵਿਚੋਂ ਲਈਆਂ ਗਈਆਂ ਹਨ ?

**ਜਾਂ**

ਕੰਮ ਮੁੱਕ ਗਿਆ ਤਾਂ ਬਾਬਾ ਜੀ ਉੱਠ ਖਲੋਤੇ । ਉਹ ਫੁੱਲਾਂ ਤੇ ਠੂੰਹਿਆਂ ਤੋਂ ਬਚਦੇ-ਬਚਾਉਂਦੇ ਕਿਆਰੀ ਵਿਚੋਂ ਬਾਹਰ ਆ ਗਏ ।

(ੳ) ਇਹ 'ਬਾਬਾ ਜੀ' ਕੌਣ ਹਨ ?

(ਅ) ਬਾਬਾ ਜੀ ਕੀ ਕੰਮ ਕਰ ਰਹੇ ਸਨ ?

(ੲ) 'ਠੂੰਹਾਂ' ਕੀ ਹੁੰਦਾ ਹੈ ?

(ਸ) ਇਹਨਾਂ ਸਤਰਾਂ ਵਾਲੀ ਥਾਂ ਕੀ ਸਥਿਤੀ ਹੈ ?

(ਹ) ਇਹ ਸਤਰਾਂ ਕਿਸ ਪੁਸਤਕ ਵਿਚੋਂ ਹਨ ?

**12.** 'ਗੁਆਚਿਆ ਮੁੰਡਾ' ਨਾਵਲ ਰਾਹੀਂ ਲੇਖਕ ਕੀ ਸੰਦੇਸ਼ ਦੇਣਾ ਚਾਹੁੰਦਾ ਹੈ ? *7*

**ਜਾਂ**

'ਗੁਆਚਿਆ ਮੁੰਡਾ' ਦੇ ਮੁੱਖ ਪਾਤਰ ਨੂੰ 'ਗੁਆਚਿਆ ਮੁੰਡਾ' ਕਿਉਂ ਕਿਹਾ ਗਿਆ ਹੈ ?

**13.** ਹੇਠ ਲਿਖੇ ਕਥਾ-ਅੰਸ਼ਾਂ ਵਿੱਚੋਂ ਕਿਸੇ ***ਇੱਕ*** ਦੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ : *2+2+1=5*

"ਬਜ਼ੁਰਗਾ ! ਭਾ ਜੀ ਰਾਤੀ ਮੇਰੇ ਕੋਲ ਆ ਗੇ ਸੀ । ਅਸੀਂ ਤੁਹਾਡੇ ਨਾਲ ਮਸ਼ਵਰਾ ਕਰਨ ਆਏ ਆਂ... ।"

(ੳ) ਇਥੇ ਸਮੱਸਿਆ ਕੀ ਹੈ ? *2*

(ਅ) ਕਿਹੜਾ ਮਸ਼ਵਰਾ ਕਰਨ ਆਏ ਹਨ ? *2*

(ੲ) ਇਹ ਭਾ ਜੀ ਕੌਣ ਹਨ ? *1*

**ਜਾਂ**

ਕਿਤਨਾ ਚਿਰ ਉਹ ਉਸ ਜਕੋਤਕੀ ਵਿੱਚ ਪਿਆ ਰਿਹਾ, ਪਰ ਉਹਕੁਝ ਨਿਸ਼ਚਤ ਫੈਸਲਾ ਨਾ ਕਰ ਸਕਿਆ ਤੇ ਬਿਨਾ ਕੁਝ ਕਹੇ ਡਾਕਖਾਨੇ ਦੀ ਕਾਪੀ ਲੈ ਕੇ ਘਰ ਵਲ ਤੁਰ ਪਿਆ ।

(ੳ) ਇਥੇ ਪਾਤਰ ਜਕੋਤਕੀ ਵਿੱਚ ਕਿਉਂ ਹੈ ? *2*

(ਅ) ਉਹ ਕਿਹੜਾ ਫੈਸਲਾ ਨਹੀ ਕਰ ਸਕਿਆ ? *2*

(ੲ) 'ਡਾਕਖਾਨੇ ਦੀ ਕਾਪੀ' ਤੋਂ ਕੀ ਭਾਵ ਹੈ ? *1*

**14.** 'ਤੀਜੀ ਗੱਲ' ਕਹਾਣੀ ਦੇ ਆਧਾਰ 'ਤੇ ਫਲੈਟਾਂ ਵਿੱਚ ਰਹਿਣ ਵਾਲੇ ਲੋਕਾਂ ਬਾਰੇ ਤੁਹਾਨੂੰ ਕੀ ਪਤਾ ਚਲਦਾ ਹੈ ? ਇਸ ਬਾਰੇ 100 – 125 ਸ਼ਬਦਾਂ ਵਿਚ ਆਪਣੇ ਵਿਚਾਰ ਲਿਖੋ । *7*

**ਜਾਂ**

ਕਹਾਣੀ 'ਰੋਲ ਨੰਬਰ' ਵਿੱਚ ਸਰਦਾਰ ਹਰਬੇਲ ਸਿੰਘ ਕਿਸ ਵਹਿਮ–ਭਰਮ ਦਾ ਸ਼ਿਕਾਰ ਹੋ ਗਏ ਸਨ ਅਤੇ ਉਸਤੋਂ ਮੁਕਤ ਕਿਵੇਂ ਹੋਏ ? (ਸ਼ਬਦ ਸੀਮਾ : 100 – 125)

**15.** ਗੁਰਮਤਿ ਕਾਵਿ ਦੀ ਮੁੱਖ ਵਿਚਾਰਧਾਰਾ ਬਾਰੇ ਆਪਣੇ ਵਿਚਾਰ 150 – 200 ਸ਼ਬਦਾਂ ਵਿਚ ਲਿਖੋ । *10*

**ਜਾਂ**

ਸੂਫੀ ਕਾਵਿ ਦੇ ਵਿਕਾਸ ਬਾਰੇ 150 – 200 ਸ਼ਬਦਾਂ ਵਿਚ ਆਪਣੇ ਵਿਚਾਰ ਦੱਸੋ ।